بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 06.11.2020

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

**ਇਸਲਾਮ ਤਾਂ ਰੱਬ ਦੀ ਅਪਾਰ ਮਿਹਰ ਨਾਲ ਜੀਉਂਦਾ ਧਰਮ ਹੈ, ਵਧੱਣ ਫੁਲੱਣ ਵਾਲਾ ਧਰਮ ਹੈ, ਵੱਧ ਫੁੱਲ ਰਿਹਾ ਹੈ ਅਤੇ ਰੱਬ ਨੇ ਹਰ ਯੁੱਗ ਵਿੱਚ ਇਸ ਦੀ ਸੁਰੱਖਿਆ ਦੀ ਜ਼ਿੰਮੇਦਾਰੀ ਲਈ ਹੋਈ ਹੈ**

**ਤਹਿਰੀਕੇ ਜਦੀਦ ਦੇ 86 ਵੇਂ ਸਾਲ ਦਾ ਇਮਾਨ ਵਿੱਚ ਵਾਧਾ ਕਰਨਾ ਵਾਲਾ ਜ਼ਿਕਰ ਅਤੇ 87 ਵੇਂ ਸਾਲ ਦਾ ਬਰਕਤਾਂ ਭਰਪੂਰ ਐਲਾਨ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 6 ਨਵੰਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ۔ اَلۡحَمۡدُ لِلّٰہِ رَبِّ الۡعٰلَمِیۡنَ۔ الرَّحۡمٰنِ الرَّحِیۡمِ۔ مٰلِکِ یَوۡمِ الدِّیۡنِ۔ اِیَّاکَ نَعۡبُدُ وَاِیَّاکَ نَسۡتَعِیۡنُ۔

اِہۡدِنَا الصِّرَاطَ الۡمُسۡتَقِیۡمَ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَلَا الضَّآلِّیۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਕੁਰਆਨ ਕਰੀਮ ਦੀ ਇਸ ਪਵਿੱਤਰ ਆਇਤ ਦੀ ਤਲਾਵਤ ਕੀਤੀ :

اَلَّذِیۡنَ یُنۡفِقُوۡنَ اَمۡوَالَہُمۡ بِالَّیۡلِ وَالنَّہَارِ سِرًّا وَّعَلَانِیَۃً فَلَہُمۡ اَجۡرُہُمۡ عِنۡدَ رَبِّہِمۡ ۚ وَلَا خَوۡفٌ عَلَیۡہِمۡ وَلَا ہُمۡ یَحۡزَنُوۡنَ (سورۃ البقرہ: 275)

ਅਤੇ ਫ਼ਰਮਾਇਆ :ਉਹ ਲੋਕ ਜੋ ਆਪਣੇ ਧੰਨ ਮਾਲ ਖ਼ਰਚ ਕਰਦੇ ਹਨ ਰਾਤ ਨੂੰ ਵੀ ਅਤੇ ਦਿਨ ਸਮੇਂ ਵੀ, ਛੁਪਾਕੇ ਵੀ ਅਤੇ ਖ਼ੁੱਲੇ ਤੌਰ'ਤੇ ਵੀ, ਤਾਂ ਉਹਨਾ ਲਈ ਇਸਦਾ ਪ੍ਰਤੀਫਲ ਰੱਬ ਕੋਲ ਹੈ ਅਤੇ ਉਹਨਾਂ'ਤੇ ਕੋਈ ਖ਼ੌਫ਼ ਨਹੀਂ ਹੋਵੇਗਾ ਅਤੇ ਨ ਹੀ ਉਹ ਦੁੱਖੀ ਹੋਣ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਕੁਰਆਨ ਕਰੀਮ ਵਿੱਚ ਅਲੱਾਹ ਤਆਲਾ ਨੇ ਅਨੇਕਾਂ ਥਾਈਂ ਮੋਮਿਨਾਂ ਨੂੰ ਆਰਥਕ ਕੁਰਬਾਨੀ ਵੱਲ ਧਿਆਨ ਦੁਆਇਆ ਹੈ । ਇਸ ਆਇਤ ਵਿੱਚ ਵੀ ਮੋਮਿਨਾਂ ਦੀ ਇਸ ਦੀ ਵਿਸ਼ੇਸ਼ਤਾ ਦਾ ਵਰਨਣ ਕੀਤਾ ਹੈ ਕਿ ਮੋਮਿਨ ਰੱਬ ਦੇ ਮਾਰਗ ਵਿੱਚ ਰਾਤ ਦਿਨ ਖਰਚ ਕਰਦੇ ਰਹਿੰਦੇ ਹਨ ਅਤੇ ਇਹ ਖ਼ਰਚ ਉਹਨਾ ਦਾ ਛੁਪਾਕੇ ਵੀ ਹੁੰਦਾ ਹੈ ਅਤੇ ਦਿਖਾ ਕੇ ਵੀ ਹੁੰਦਾ ਹੈ ਅਤੇ ਰੱਬ ਨੇੜੇ ਇਹ ਦੋਵੇਂ ਢੰਗ ਪਰਵਾਨਗੀ ਦਾ ਦਰਜਾ ਰਖੱਦੇ ਹਨ । ਦੂਜੀ ਥਾਂ ਫ਼ਰਮਾਇਆ ਕਿ ਇਹਨਾ ਮੋਮਿਨਾ ਦੀ ਰੱਬ ਦੇ ਮਾਰਗ ਵਿੱਚ ਖ਼ਰਚ ਕਰਨ ਦੀ ਨੀਯਤ ਰੱਬ ਦੀ ਰਜ਼ਾ ਹਾਸਲ ਕਰਨੀ ਹੁੰਦੀ ਹੈ ਜਿਵੇਂ ਕਿ ਫ਼ਰਮਾਉਂਦਾ ਹੈ : وَمَا تُنۡفِقُوۡنَ اِلَّا ابۡتِغَآءَ وَجۡہِ اللّٰہِ ਅਤੇ ਰੱਬ ਦੀ ਰਜ਼ਾ ਹਾਸਲ ਕਰਨ ਤੋਂ ਬਿਨਾ ਹੋਰ ਕਿਤੇ ਵੀ ਖ਼ਰਚ ਨਹੀਂ ਕਰਦੇ ਅਰਥਾਤ ਉਹਨਾ ਦਾ ਮੰਤਵ ਹੀ ਰੱਬ ਦੀ ਰਜ਼ਾ ਹੁੰਦਾ ਹੈ । ਸੋ, ਹਕੀਕੀ ਮੋਮਿਨ ਦੀ ਇਹੋ ਨਿਸ਼ਾਨੀ ਹੈ ਕਿ ਉਹ ਨੇਕੀਆਂ ਬਜਾ ਲਿਆਏ ਅਤੇ ਰੱਬ ਦੇ ਮਾਰਗ ਵਿੱਚ ਆਪਣਾ ਪਾਕ ਮਾਲ ਖ਼ਰਚ ਕਰੇ । ਦਿਨ ਸਮੇਂ ਵੀ ਰਾਤ ਸਮੇਂ ਵੀ ਨੇਕੀਆਂ ਬਜਾ ਲਿਆਉਣ ਦੀ ਚਿੰਤਾ ਹੋਵੇ । ਕਦੇ ਜ਼ਾਹਰ ਕਰਕੇ ਨੇਕੀ ਕਰੇ ਕਦੇ ਛੁਪਾਕੇ ਨੇਕੀ ਕਰੇ । ਇਹ ਕੁਰਬਾਨੀਆਂ ਰੱਬ ਕੋਲ ਕੁਬੂਲ ਹੁੰਦੀਆਂ ਹਨ, ਸ਼ਰਤ ਇਹ ਹੈ ਕਿ ਰੱਬ ਦੀ ਰਜ਼ਾ ਹਾਸਲ ਕਰਨੀ ਇਹਨਾ ਕੁਰਬਾਨੀਆਂ ਦਾ ਮੰਤਵ ਹੋਵੇ । ਜੇਕਰ ਕੇਵਲ ਦਿਖਾਵੇ ਦੀਆਂ ਕੁਰਬਾਨੀਆਂ ਹਨ ਤਾਂ ਫਿਰ ਅਜਿਹੀਆਂ

ਕੁਰਬਾਨੀਆਂ ਰੱਬ ਕੋਲ ਪਰਵਾਨਗੀ ਨਹੀਂ ਪਾਉਂਦੀਆਂ । ਸੋ, ਇਹ ਹੈ ਉਹ ਆਦਰਸ਼ ਜਿਸਨੂੰ ਸਾਹਮਣੇ ਰਖੱਕੇ ਇਕ ਮੋਮਿਨ ਨੂੰ ਕੁਰਬਾਨੀ ਕਰਨੀ ਚਾਹੀਦੀ ਅਤੇ ਇਹ ਹੈ ਉਹ ਰੂਹ (ਆਤਮਾ) ਜਿਸ ਨੂੰ ਸਾਹਮਣੇ ਰੱਖਦਿਆਂ ਹੋਇਆਂ ਜਮਾਤ ਦੇ ਲੋਕ ਰੱਬ ਦੀ ਅਪਾਰ ਮਿਹਰ ਨਾਲ ਆਰਥਕ ਕੁਰਬਾਨੀਆਂ ਕਰਦੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਸ ਸਮੇਂ ਮੈਂ ਕੁਝ ਆਰਥਕ ਕੁਰਬਾਨੀਆਂ ਕਰਨ ਵਾਲਿਆਂ ਦੀ ਜੋ ਉਹਨਾ ਦੀ ਕੁਰਬਾਨੀਆ ਕਰਨ ਕਰਕੇ ਰੱਬ ਦੀਆਂ ਮਿਹਰਾਂ ਹੋਈਆਂ ਹਨ ਜਾਂ ਰੱਬ ਖ਼ਾਤਰ ਧੰਨ ਮਾਲ ਖ਼ਰਚ ਕਰਨ ਕਰਕੇ ਫਿਰ ਰੱਬ ਨੇ ਉਹਨਾਂ ਨੂੰ ਕਿਵੇਂ ਨਿਵਾਜ਼ਿਆਂ ਉਸ ਦੀਆਂ ਕੁਝ ਘਟਨਾਵਾਂ ਪੇਸ਼ ਕਰਾਂਗਾ ।

ਬੈਅਤ ਕਰਨ ਦੇ ਬਾਦ ਰੱਬ ਦੀ ਰਜ਼ਾ ਹਾਸਲ ਕਰਨ ਲਈ ਕਿਵੇਂ ਮਾਲ ਖ਼ਰਚ ਕਰਨ ਦੀ ਤੜਪ ਹੁੰਦੀ ਹੈ ਇਸ ਬਾਰੇ ਮੁਬਲੱਗ਼ ਅਲਬਾਨੀਆਂ ਸਮਦ ਸਾਹਬ ਲਿਖੱਦੇ ਹਨ ਕਿ ਜਲਸਾ ਸਾਲਾਨਾ 2020 ਈ. ਦਾ ਮੇਰਾ ਅਖ਼ੀਰਲਾ ਸੰਬੋਧਨ ਇਕ ਅਲਬਾਨੀਯਨ ਮਿੱਤਰ ਨਵੇਂ ਅਹਮਦੀ ਜਾਫ਼ਰ ਕੋਚੀ ਸਾਹਬ ਸੁਣ ਰਹੇ ਸਨ ਅਤੇ ਮੈਂ ਇਸ ਵਿੱਚ ਉਹਨਾ ਦੇ ਅਹਮਦੀਅਤ ਕੁਬੂਲ ਕਰਨ ਦੀ ਘਟਨਾ ਵੀ ਵਰਨਣ ਕੀਤੀ ਸੀ । ਅਗਸਤ ਤੱਕ ਉਹਨਾ ਦੀ ਕੋਈ ਆਮਦਨੀ ਨਹੀਂ ਸੀ । ਉਹਨਾ ਨੇ ਮੁਬਲੱਗ਼ ਸਾਹਬ ਤੋਂ ਚੰਦੇ ਬਾਰੇ ਕੁਝ ਵਿਸਥਾਰ ਪੁੱਛਿਆ, ਉਹਨਾ ਨੂੰ ਫਿਰ ਚੰਦਿਆਂ ਬਾਰੇ ਪ੍ਰੀਚਿਤ ਕਰਵਾਇਆ ਗਿਆ । ਇਸ ਦੇ ਬਾਦ ਕਹਿਣ ਲੱਗੇ ਕਿ ਇਸੇ ਮਹੀਨੇ ਉਹਨਾ ਦਾ ਫ਼ਲੈਟ ਕਿਰਾਏ'ਤੇ ਲੱਗਿਆ ਹੈ ਅਤੇ ਉਹਨਾ ਨੂੰ ਕਿਰਾਇਆ ਵੁਸੂਲ ਹੋਇਆ ਹੈ, ਇਸ ਪਹਿਲੀ ਆਮਦਨੀ ਵਿੱਚੋਂ ਚੰਦੇ ਦੀ ਦਰ ਤੋਂ ਕਿਤੇ ਵੱਧ ਚੰਦਾ ਲੈਕੇ ਉਹ ਆਏ । ਮੁਬਲੱਗ਼ ਸਾਹਬ ਕਹਿੰਦੇ ਹਨ ਕਿ ਮੈਂ ਉਹਨਾ ਨੂੰ ਦੱਸਿਆ ਕਿ ਰੱਬ ਦਾ ਕੁਰਆਨ ਕਰੀਮ ਵਿੱਚ ਵਾਦਾ ਹੈ ਕਿ ਉਹ ਆਰਥਕ ਕੁਰਬਾਨੀ ਕਰਨ ਵਾਲਿਆਂ ਨੂੰ ਵਧਾ ਦਿੰਦਾ ਹੈ ਤਾਂ ਇਹ ਕਹਿਣ ਲੱਗੇ ਕਿ ਮੈਂ ਇਸ ਨੀਯਤ ਨਾਲ ਚੰਦਾ ਨਹੀਂ ਦਿਤੱਾ, ਮੈਂ ਤਾਂ ਰੱਬ ਦੀ ਰਜ਼ਾ ਹਾਸਲ ਕਰਨ ਲਈ ਭਾਵ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦਾ ਫ਼ਰਮਾਨ ਹੈ ਕਿ ਧਰਮ ਖ਼ਾਤਰ ਆਰਥਕ ਕੁਰਬਾਨੀਆਂ ਵੀ ਕਰੋ ਅਤੇ ਇਸਲਾਮ ਦਾ ਇਹ ਹੁਕਮ ਹੈ ਕਿ ਧਰਮ ਖ਼ਾਤਰ ਆਰਥਕ ਕੁਰਬਾਨੀਆਂ ਕਰਨੀਆਂ ਚਾਹੀਦੀਆਂ ਹਨ, ਚੰਦਾ ਦਿਤੱਾ ਹੈ, ਅਤੇ ਹੁਣ ਬਕਾਇਦਾ ਹਰ ਮਹੀਨੇ ਚੰਦਾ ਦਿੰਦੇ ਹਨ ।

ਵੇਜ਼ਬਾਦਨ ਜਰਮਨੀ ਤੋਂ ਇਕ ਸਜੱਣ ਦੇ ਦੱਸਿਆ ਕਿ ਮੇਰਾ ਅਸਾਈਲਮ ਦਾ ਕੇਸ ਇਕ ਅਜਿਹੇ ਜੱਜ ਕੋਲ ਸੀ ਜੋ ਕੇਸ ਮੰਜ਼ੂਰ ਨਹੀਂ ਕਰਦਾ ਸੀ, ਮੈਂ ਨਿਸ਼ਚਾ ਕੀਤਾ ਕਿ ਇਕ ਹਜ਼ਾਰ ਯੂਰੋ ਤਹਿਰੀਕੇ ਜਦੀਦ ਵਿੱਚ ਦਿਆਂਗਾ । ਰੱਬ ਦੀ ਕਰਨੀ ਅਜਿਹੀ ਹੋਈ ਕਿ ਮੇਰਾ ਕੇਸ ਇਸ ਜੱਜ ਤੋਂ ਇਕ ਹੋਰ ਦੂਜੇ ਜੱਜ ਕੋਲ ਚਲਿਆ ਗਿਆ ਅਤੇ ਰੱਬ ਦੀ ਮਿਹਰ ਨਾਲ ਕੇਸ ਮੰਜ਼ੂਰ ਹੋ ਗਿਆ । ਸੋ, ਉਹਨਾ ਨੇ ਉਹ ਵਾਦਾ ਜੋ ਕੀਤਾ ਸੀ ਉਹ ਪੂਰਾ ਕਰ ਦਿਤੱਾ ।

ਕਾਦੀਆਂ ਤੋਂ ਵਕੀਲੁਲ ਮਾਲ ਸਾਹਬ ਲਿਖੱਦੇ ਹਨ ਕਿ ਕਰੋਲਾਈ ਦੇ ਇਕ ਸਜੱਣ ਦਾ ਚੰਦਾ ਪੰਜ ਲੱਖ ਰੁਪਏ ਸੀ ਉਹਨਾ ਨੇ ਕੁਝ ਰਕਮ ਆਪਣੇ ਕਾਰੋਬਾਰ ਲਈ ਰੱਖੀ ਹੋਈ ਸੀ, ਉਸੇ ਸਮੇਂ ਤਹਿਰੀਕੇ ਜਦੀਦ ਦੇ ਚੰਦੇ ਦੀ ਅਦਾਇਗੀ ਲਈ ਮੰਗ ਹੋਈ, ਉਹਨਾਂ ਨੇ ਉਹ ਰਕਮ ਚੰਦੇ ਵਿੱਚ ਦੇ ਦਿੱਤੀ । ਰੱਬ ਨੇ ਉਹਨਾ'ਤੇ ਮਿਹਰ ਕੀਤੀ ਕਿ ਥੋੜ੍ਹੀ ਦੇਰ ਵਿੱਚ ਹੀ ਚੰਦੇ ਤੋਂ ਕਈ ਗੁਣਾ ਬਹੁਤੀ ਰਕਮ ਉਹਨਾ ਦੇ ਅਕਾਊਂਟ ਵਿੱਚ ਕਿਸੇ ਵੱਲੋਂ ਜਮਾਂ ਹੋ ਗਈ । ਇਸ ਦੇ ਬਾਦ ਇਹਨਾ ਨੇ ਇਕ ਵੱਡੀ ਰਕਮ ਤਹਿਰੀਕੇ ਜਦੀਦ ਵਿੱਚ ਦਿੱਤੀ । ਹਜ਼ੂਰ ਅਨਵਰ ਨੇ ਪੂਰੀ ਦੁਨੀਆ ਵਿੱਚ ਆਰਥਕ ਕੁਰਬਾਨੀਆਂ ਕਰਨ ਵਾਲਿਆਂ ਦੀਆਂ ਇਮਾਨ ਵਿੱਚ ਵਾਧਾ ਕਰਨ ਵਾਲੀਆਂ ਘਟਨਾਵਾਂ ਦਾ ਜ਼ਿਕਰ ਕੀਤਾ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਰੱਬ ਦੀ ਮਿਹਰ ਨਾਲ ਤਹਿਰੀਕੇ ਜਦੀਦ ਦਾ 86ਵਾਂ ਸਾਲ 31 ਅਕਤੂਬਰ ਨੂੰ ਖ਼ਤਮ ਹੋਇਆ ਅਤੇ 87ਵਾਂ ਸਾਲ ਅਰੰਭ ਹੋ ਗਿਆ ਹੈ । ਇਸ ਸਾਲ ਅਹਮਦੀਆ ਮੁਸਲਿਮ ਜਮਾਤ ਨੂੰ ਤਹਿਰੀਕੇ ਜਦੀਦ ਦੀ ਆਰਥਕ ਵਿਵਸਥਾ ਵਿੱਚ ਇਕ ਕਰੋੜ ਚੁਰੰਜਾ ਲੱਖ ਪਾਊਂਡ ਦੀ ਕੁਰਬਾਨੀ ਪੇਸ਼ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ । ਇਹ ਵਸੂਲੀ ਪਿਛਲੇ ਸਾਲ ਦੇ ਟਾਕਰੇ ਵਿੱਚ ਅੱਠ ਲੱਖ ਬਿਆਸੀ ਹਜ਼ਾਰ ਪਾਊਂਡ ਬਹੁਤੀ ਹੈ ।

ਹਜ਼ੂਰ ਅਨਵਰ ਨੇ ਪਹਿਲੀ ਦੱਸ ਪੁਜ਼ੀਸ਼ਨਾ ਬਿਆਨ ਕਰਦਿਆਂ ਹੋਇਆਂ ਫ਼ਰਮਾਇਆ, ਪਹਿਲਾ ਨੰਬਰ ਜਰਮਨੀ ਦਾ ਹੈ, ਫਿਰ ਬਰਤਾਨੀਆ ਦਾ ਹੈ, ਫਿਰ ਅਮਰੀਕਾ ਦਾ ਹੈ ਪਾਕਿਸਤਾਨ ਦਾ ਨਾਂ ਵੀ ਵਿੱਚ ਆ ਜਾਂਦਾ ਹੈ, ਅਮਰੀਕਾ ਨੰਬਰ ਤਿੰਨ ਫਿਰ

ਕੈਨੇਡਾ, ਫਿਰ ਮਿਡਲ ਈਸਟ ਦਾ ਇਕ ਦੇਸ਼ ਹੈ, ਫਿਰ ਭਾਰਤ ਹੈ, ਫਿਰ ਆਸਟ੍ਰੇਲੀਆ ਹੈ, ਫਿਰ ਇੰਡੋਨੇਸ਼ੀਆ ਹੈ, ਫਿਰ ਘਾਨਾ ਹੈ ਅਤੇ ਫਿਰ ਇਕ ਹੋਰ ਮਿਡਲ ਈਸਟ ਦੀ ਇਕ ਜਮਾਤ ਹੈ ।

ਹਜ਼ੂਰ ਅਨਵਰ ਨੇ ਕੁਰਬਾਨੀ ਦੇ ਪੱਖੋਂ ਇੰਡੀਆਂ ਦੀਆਂ ਪਹਿਲੀ ਦੱਸ ਜਮਾਤਾਂ ਇਹ ਵਰਨਣ ਕੀਤੀਆਂ : ਕੋਇਮਬਟੂਰ ਨੰਬਰ ਇਕ'ਤੇ, ਕਰੋਲਾਈ, ਫਿਰ ਕਾਦੀਆਂ, ਫਿਰ ਪਿਥੱਾ ਪ੍ਰੇਮ, ਫਿਰ ਹੈਦਰਾਬਾਦ, ਕਿਨਾਨੂਰ ਟਾਊਨ, ਕੋਲਕਾਤਾ, ਕਾਲੀਕਟ, ਬੰਗਲੌਰ, ਕਾਥੋਡਮ । ਫ਼ਰਮਾਇਆ : ਪਹਿਲੇ ਦੱਸ ਸੂਬੇ ਜੋ ਇਸ ਪ੍ਰਕਾਰ ਹਨ, ਕੇਰਾਲਾ ਨੰਬਰ ਇਕ'ਤੇ ਹੈ, ਫਿਰ ਤਾਮਿਲ ਨਾਡੂ, ਕਰਨਾਟਕ, ਫਿਰ ਜੰਮੂ ਕਸ਼ਮੀਰ, ਫਿਰ ਤਿਲੰਗਾਨਾ, ਪੰਜਾਬ, ਉੜੀਸਾ, ਬੰਗਾਲ, ਦਿੱਲੀ, ਮਹਾਰਾਸ਼ਟਰ । ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਇਹਨਾ ਸਾਰਿਆਂ ਦੇ ਧੰਨ ਮਾਲ ਵਿੱਚ ਅਥਾਹ ਵਾਧਾ ਕਰੇ ਅਤੇ ਇਹਨਾ ਦੀਆਂ ਕੁਰਬਾਨੀਆਂ ਨੂੰ ਪਰਵਾਨ ਕਰੇ ਇਸ ਦੇ ਨਾਲ ਹੀ ਤਹਿਰੀਕੇ ਜਦੀਦ ਦੇ ਨਵੇਂ ਸਾਲ ਦਾ ਐਲਾਨ ਕਰਦਾ ਹਾਂ ਜੋ ਪਹਿਲੀ ਨਵੰਬਰ ਤੋਂ ਅਰੰਭ ਹੋ ਚੁੱਕਿਆ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਹੁਣ ਮੈਂ ਇਸ ਵੱਲ ਧਿਆਨ ਦੁਆਉਂਣਾ ਚਾਹੁੰਦਾ ਹਾਂ ਕਿ ਅੱਜ ਕਲ ਬਹੁਤ ਦੁਆਵਾਂ ਦੀ ਲੋੜ ਹੈ ਅਸੀਂ ਆਪਣੇ ਲਈ ਅਤੇ ਜਮਾਤ ਲਈ ਤਾਂ ਦੁਆਵਾਂ ਕਰਦੇ ਹਾਂ, ਮੁਸਲਮਾਨਾ ਲਈ ਵੀ ਸਾਧਾਰਣ ਤੌਰ'ਤੇ ਦੁਆਵਾਂ ਦੀ ਲੋੜ ਹੈ । ਅੱਜ ਕਲ ਮੁਸਲਮਾਨਾ ਦੇ ਵਿਰੁਧ ਗ਼ੈਰ ਮੁਸਲਿਮ ਦੁਨੀਆ ਦੇ ਕੁਝ ਦੇਸ਼ਾਂ ਦੇ ਲੀਡਰ ਬਹੁਤ ਕੀਨੇ ਤੇ ਸਾੜੇ ਦੀਆਂ ਭਾਵਨਾਵਾਂ ਰਖੱਦੇ ਹਨ ਉਹ ਇਸ ਲੋਕਤੰਤਰੀ ਕਾਲ ਵਿੱਚ ਜਨਤਾ ਨੂੰ ਰੱਬ ਸਮਝਕੇ ਉਹਨਾ ਦੀਆਂ ਇਛੱਾਵਾਂ ਅਨੁਸਾਰ ਆਪਣੇ ਬਿਆਨ ਤੇ ਪਾਲਸੀਆਂ ਬਨਾਉਣ ਦਾ ਜਤਨ ਕਰਦੇ ਹਨ ਅਤੇ ਸਾਧਾਰਣ ਲੋਕਾਂ ਦਾ ਇਕ ਵਡੱਾ ਭਾਗ ਵੀ ਇਸਲਾਮ ਬਾਰੇ ਉਚਿਤ ਜਾਣਕਾਰੀ ਨ ਹੋਣ ਕਰਕੇ ਮੁਸਲਮਾਨਾ ਵਿਰੁਧ ਹੈ । ਸੋ, ਅਸੀਂ ਦੁਆਵਾਂ ਨਾਲ ਦੁਨੀਆ ਨੂੰ ਦਸੱਣਾ ਹੈ ਕਿ ਇਸਲਾਮ ਦੀ ਵਾਸਤਵਿਕਤਾ ਕੀ ਹੈ । ਬੀਤੇ ਦਿਨੀ ਫ਼੍ਰਾਂਸ ਦੇ ਸਦਰ ਨੇ ਬਿਆਨ ਦਿਤੱਾ ਹੈ ਕਿ ਇਸਲਾਮ ਕ੍ਰਾਇਸਸ ਦਾ ਸ਼ਿਕਾਰ ਧਰਮ ਹੈ । ਕ੍ਰਾਇਸਸ ਦਾ ਸ਼ਿਕਾਰ ਤਾਂ ਉਹਨਾ ਦਾ ਆਪਣਾ ਧਰਮ ਹੈ । ਇਸਲਾਮ ਤਾਂ ਰੱਬ ਦੀ ਮਿਹਰ ਨਾਲ ਜੀਊਂਦਾ ਧਰਮ ਹੈ ਅਤੇ ਵਧੱਣ ਫੁਲੱਣ ਵਾਲਾ ਧਰਮ ਹੈ ਅਤੇ ਵੱਧ ਫੁੱਲ ਰਿਹਾ ਹੈ ਅਤੇ ਰੱਬ ਨੇ ਹਰ ਯੁੱਗ ਵਿੱਚ ਇਸ ਦੀ ਸੁਰੱਖਿਆ ਦੀ ਜ਼ਿੰਮੇਦਾਰੀ ਲਈ ਹੋਈ ਹੈ ਇਸ ਯੁੱਗ ਵਿੱਚ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਰਾਹੀਂ ਇਸਦਾ ਪ੍ਰਚਾਰ ਦੁਨੀਆਂ ਦੇ ਚੌਹਾਂ ਪਾਸਿਆਂ ਵਿੱਚ ਫੈਲ ਰਿਹਾ ਹੈ । ਅਸਲ ਗੱਲ ਇਹ ਹੈ ਕਿ ਇਹ ਇਸਲਾਮ ਵਿਰੋਧੀ ਸ਼ਕਤੀਆਂ ਇਸ ਲਈ ਅਜਿਹੀਆਂ ਹਰਕਤਾਂ ਕਰਦੇ ਹਨ ਅਤੇ ਬਿਆਨ ਦਿੰਦੇ ਹਨ ਕਿ ਉਹਨਾਂ ਨੂੰ ਪਤਾ ਹੈ ਕਿ ਮੁਸਲਮਾਨਾ ਵਿੱਚ ਏਕਾ ਨਹੀਂ ਹੈ । (ਇੱਥੇ ਹਜ਼ੂਰ ਅਨਵਰ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਦਾ ਪਰੀਚੇ ਪ੍ਰਸ਼ੰਸਾ ਦੇ ਰੂਪ ਵਿੱਚ ਕੀਤਾ ਕਿ ਉਹਨਾ ਨੇ ਫ਼੍ਰਾਂਸ ਦੇ ਸਦਰ ਦੇ ਬਿਆਨ'ਤੇ ਬਹੁਤ ਚੰਗਾ ਬਿਆਨ ਦਿਤੱਾ ਹੈ ਅਤੇ ਇਹਨਾ ਲਈ ਦੁਆ ਵੱਲ ਧਿਆਨ ਦੁਆਇਆ ਹੈ ਕਿ ਰੱਬ ਇਹਨਾਂ ਦੇ ਸੀਨੇ ਨੂੰ ਹੋਰ ਖੋਲੇ ।) ਜੇਕਰ ਦੁਨੀਆ ਨੂੰ ਪਤਾ ਹੋਵੇ ਕਿ ਮੁਸਲਮਾਨ ਇਕ ਹਨ, ਇਕ ਰੱਬ ਤੇ ਇਕ ਰਸੂਲ ਦੇ ਮੰਨ੍ਹਣ ਵਾਲੇ ਹਨ ਅਤੇ ਉਸ ਦੀ ਖ਼ਾਤਰ ਕੁਰਬਾਨੀਆਂ ਦੇਣਾ ਜਾਣਦੇ ਹਨ ਤਾਂ ਕਦੇ ਵੀ ਗ਼ੈਰਮੁਸਲਿਮ ਦੁਨੀਆ ਵੱਲੋਂ ਅਜਿਹੀਆਂ ਹਰਕਤਾਂ ਨ ਹੋਣ । ਕਦੇ ਕਿਸੇ ਅਖ਼ਬਾਰ ਨੂੰ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਖ਼ਾਕੇ (ਚਿਤੱਰ) ਛਾਪਣ ਦੀ ਜੁਰੱਤ ਨ ਹੋਵੇ । ਕੁਝ ਸਾਲ ਪਹਿਲਾਂ ਵੀ ਜੋ ਚਿਤੱਰ ਛਪੇ ਸਨ ਡੈਨਮਾਰਕ ਵਿੱਚ ਵੀ ਤੇ ਫ਼੍ਰਾਂਸ ਵਿੱਚ ਵੀ। ਉਸ ਸਮੇਂ ਵੀ ਜਮਾਤ ਅਹਮਦੀਆ ਨੇ ਹੀ ਉਚਿਤ ਤੇ ਸਹੀ ਪ੍ਰਤੀਕ੍ਰਿਆ ਦਿਖਾਈ ਸੀ ਅਤੇ ਉਹਨਾ ਦੇ ਸਾਹਮਣੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਸੁੰਦਰ ਤੇ ਪਵਿਤੱਰ ਜੀਵਨ ਸ਼ੈਲੀ ਨੂੰ ਪੇਸ਼ ਕੀਤਾ ਸੀ ਅਤੇ ਇਹੋ ਕੰਮ ਅੱਜ ਅਸੀਂ ਕਰ ਰਹੇ ਹਾਂ ਅਤੇ ਦਸੱਦੇ ਹਾਂ ਕਿ ਕੁਝ ਸਿਰ ਫਿਰੇ ਲੋਕਾਂ ਦੇ ਇਸਲਾਮ ਦੇ ਨਾਂ'ਤੇ ਗ਼ਲਤ ਕਾਰਜਾਂ ਨੂੰ ਇਸਲਾਮ ਦਾ ਨਾਂ ਨ ਦਿਓ । ਕਿਸੇ ਦੇਸ਼ ਦੇ ਸਦਰ ਦਾ ਇਹ ਕੰਮ ਨਹੀਂ ਹੈ ਕਿ ਕਿਸੇ ਵਿਅਕਤੀ ਦੇ ਗ਼ਲਤ ਕਰਮ ਨੂੰ ਇਸਲਾਮ ਦੀ ਸਿੱਖਿਆ ਅਤੇ ਮੁਸਲਮਾਨਾ ਲਈ ਕ੍ਰਾਇਸਸ ਦਾ ਨਾਂ ਦੇ ਕੇ ਫਿਰ ਆਪਣੇ ਲੋਕਾਂ ਨੂੰ ਹੋਰ ਭੜਕਾਏ ਇਕ ਇਹਨਾ ਦੇ ਵਿਰੁਧ ਸਾਡੀ ਇਹ ਲੜਾਈ ਹੈ ਅਤੇ ਇਹ ਲੜਾਈ ਅਸੀਂ ਜਾਰੀ ਰਖੱਾਂਗੇ । ਇਸ ਵਿਅਕਤੀ ਨੂੰ ਗ਼ਲਤ ਕਰਮਾ ਲਈ ਭੜਕਾਉਣ ਵਾਲੇ ਵੀ ਤਾਂ ਇਹੋ ਆਪ ਹੀ ਹਨ । ਹਜ਼ੂਰ ਅਨਵਰ ਨੇ ਫ਼ਰਮਾਇਆ : ਮੈਂ ਪਹਿਲਾਂ ਵੀ ਇਹ ਬਿਆਨ ਦਿਤੱਾ ਸੀ ਕਿ ਇਹ ਚਿਤੱਰ ਆਦਿ ਬਨਾਉਂਣਾ ਜਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੀ ਤੌਹੀਨ ਕਰਨਾ ਕਿਸੇ ਵੀ ਗ਼ੈਰਤ ਰਖੱਣ ਵਾਲੇ ਮੁਸਲਮਾਨ ਲਈ ਸਹਿਨਯੋਗ ਨਹੀਂ ਹੈ ਅਤੇ ਕੁਝ ਮੁਸਲਮਾਨਾਂ ਦੀਆਂ

ਭਾਵਨਾਵਾਂ ਨੂੰ ਇਹ ਹਰਕਤਾਂ ਭੜਕਾ ਸਕਦੀਆਂ ਹਨ ਅਤੇ ਭੜਕਾਉਂਦੀਆਂ ਹਨ ਅਤੇ ਇਸਦੇ ਸਬਬ ਕਾਨੂਨ ਵਿਪਰੀਕ ਕੋਈ ਹਰਕਤ ਵਾਪਰ ਜਾਏ ਤਾਂ ਇਸਦੀ ਜ਼ਿੱਮੇਦਾਰ ਇਹ ਗ਼ੈਰਮੁਸਲਿਮ ਲੋਕ ਹਨ ਇਹ ਸਰਕਾਰਾਂ ਹਨ ਜਾਂ ਨਾਂ ਨਿਹਾਦ ਆਜ਼ਾਦੀ ਹੈ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਸੀਂ ਤਾਂ ਜਿੱਥੋਂ ਤੱਕ ਹੋ ਸਕਦਾ ਹੈ ਕਾਨੂਨ ਦੇ ਅੰਦਰ ਰਹਿੰਦਿਆਂ ਹੋਇਆਂ ਇਸਲਾਮ ਅਤੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਅਸਥਾਨ ਦੇ ਵਿਰੁਧ ਹੋਣ ਵਾਲੀਆਂ ਹਰਕਤਾਂ ਦਾ ਉਤੱਰ ਦਿੰਦੇ ਹਾਂ ਅਤੇ ਦਿੰਦੇ ਰਹਾਂਗੇ ਅਤੇ ਇਸ ਦਾ ਫਿਰ ਪ੍ਰਭਾਵ ਵੀ ਹੁੰਦਾ ਹੈ ਅਤੇ ਇਹੋ ਹਲ ਪੇਸ਼ ਕਰਦੇ ਹਨ ਕਿ ਕਾਨੂਨ ਦੇ ਦਾਇਰੇ ਵਿੱਚ ਰਹਿੰਦਿਆਂ ਹੋਇਆਂ ਸਾਨੂੰ ਹਰ ਪੈਰ੍ਹ ਪੁਟੱਣਾ ਚਾਹੀਦਾ ਹੈ ਅਤੇ ਸਭ ਤੋਂ ਵਧੱਕੇ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ 'ਤੇ ਦੁਰੂਦ ਭੇਜਣਾ ਚਾਹੀਦਾ ਹੈ ਅਤੇ ਦੁਆ ਕਰਨੀ ਚਾਹੀਦੀ ਹੈ । ਹਜ਼ੂਰ ਅਨਵਰ ਨੇ ਫ਼ਰਮਾਇਆ : ਮੁਸਲਿਮ ਉਮੱਤ ਜੇਕਰ ਪਕੱਾ ਹਲ ਚਾਹੁੰਦੀ ਹੈ ਕਿ ਤਾਂ ਸਾਰੀ ਦੁਨੀਆ ਇਕੱਠੀ ਹੋਵੇ । ਜੇਕਰ ਚੁਰੰਜਾ ਪਰਵੰਜਾ ਮੁਸਲਮਾਨ ਦੇਸ਼ ਇਕ ਮੂੰਹ ਹੋਕੇ ਬੋਲਦੇ ਹਨ ਤਾਂ ਫਿਰ ਫ਼੍ਰਾਂਸ ਦਾ ਸਦਰ ਅਗਰ ਮਗਰ ਦੀ ਗੱਲ ਨ ਕਰਦਾ ਫਿਰ ਉਸ ਨੂੰ ਮਜਬੂਰ ਹੋਕੇ ਹਰ ਅਵਸਥਾ ਵਿੱਚ ਖਿਮਾ ਮੰਗਣੀ ਪੈਂਦੀ ਤੇ ਗੋਡੇ ਟੇਕਣੇ ਪੈਂਦੇ ।

ਕੁਝ ਸਮਾਂ ਪਹਿਲਾਂ ਕੋਵਿਡ ਦੇ ਦਿਨਾਂ ਵਿੱਚ ਮੈਂ ਕੁਝ ਸਰਕਾਰਾਂ ਦੇ ਪ੍ਰਧਾਨਾਂ ਨੂੰ ਮੁੜ੍ਹ ਪਤੱਰ ਲਿੱਖੇ ਸਨ, ਫ਼੍ਰਾਂਸ ਦੇ ਸਦਰ ਨੂੰ ਵੀ ਲਿੱਖਿਆ ਸੀ ਅਤੇ ਉਸ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਸ਼ਬਦਾਂ ਵਿੱਚ ਇਹ ਚਿਤਾਵਨੀ ਵੀ ਕੀਤੀ ਸੀ ਕਿ ਇਹ ਅਜ਼ਾਬ (ਪ੍ਰਕੋਪ) ਤੇ ਆਫ਼ਤਾਂ ਅਤਿਆਚਾਰਾਂ ਕਰਕੇ ਆਉਂਦੇ ਹਨ । ਇਸ ਲਈ ਤੁਹਾਨੂੰ ਇਸ ਵੱਲ ਧਿਆਨ ਦੇਣ ਦੀ ਲੋੜ ਹੈ । ਜ਼ੁਲਮਾ ਨੂੰ ਖ਼ਤਮ ਕਰੋ ਅਤੇ ਨਿਆਏ ਨੂੰ ਕਾਇਮ ਕਰੋ ਅਤੇ ਸਚੱਾਈ ਉਪੱਰ ਅਧਾਰਤ ਗਲੱਾਂ ਕਰੋ । ਅਸੀਂ ਜੋ ਆਪਣਾ ਕਰਤਵ ਸੀ ਪੂਰਾ ਕੀਤਾ ਹੈ ਅਤੇ ਕਰਦੇ ਰਹਾਂਗੇ । ਹੁਣ ਕਿਸੇ ਦੀ ਇਹ ਮਰਜ਼ੀ ਹੈ ਕਿ ਭਾਵੇਂ ਉਹ ਇਸ ਨੂੰ ਸਮਝੇ ਜਾਂ ਨ ਸਮਝੇ ਪਰ ਬਹਿਰਹਾਲ ਅਸੀਂ ਮੁਸਲਮਾਨ ਉਮੱਤ ਨੂੰ ਦੁਆਵਾਂ ਵਿੱਚ ਨਹੀਂ ਭੁਲੱਣਾ । ਅਲੱਾਹ ਤਆਲਾ ਉਹਨਾ ਨੂੰ ਸੰਜੋਗ ਪ੍ਰਦਾਨ ਕਰੇ ਕਿ ਇਹ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਸੱਚੇ ਗ਼ੁਲਾਮ ਨੂੰ ਵੀ ਪਛਾਣ ਲੈਂਣ ਅਤੇ ਦੁਨੀਆ ਨੂੰ ਵੀ ਸਾਧਾਰਣ ਤੋਰ'ਤੇ ਸੋਚਣਾ ਚਾਹੀਦਾ ਹੈ ਕਿ ਜੇਕਰ ਰੱਬ ਤੋਂ ਦੂਰ ਹਟੱਦੇ ਚਲੇ ਗਏ ਤਾਂ ਉਹਨਾ ਦੀ ਤਬਾਹੀ ਤੋਂ ਬਿਨਾ ਹੋਰ ਕੁਝ ਨਹੀਂ ਹੈ ਅਤੇ ਸਾਧਾਰਣ ਤੋਰ'ਤੇ ਸਾਨੂੰ ਵੀ ਇਹ ਜਤਨ ਕਰਨਾ ਜਾਹੀਦਾ ਹੈ ਕਿ ਦੁਨੀਆ ਨੂੰ ਰੱਬ ਦੀ ਤੌਹੀਦ (ਇਕ ਈਸ਼ਵਰਵਾਦ) ਹੇਠ ਲਿਆਈਏ । ਆਂਹਜ਼ਰਤ ਸਲਲੱਾਹੁ ਆਲੈਹਿ ਵਸਲਮ ਦੇ ਝੰਡੇ ਹੇਠ ਲਿਆਉਣਾ, ਇਹੋ ਤਹਿਰੀਕੇ ਜਦੀਦ ਦਾ ਮੰਤਵ ਵੀ ਹੈ । ਅਲੱਾਹ ਤਆਲਾ ਸਾਨੂੰ ਇਸ ਦੀ ਤੋਫ਼ੀਕ ਵੀ ਪ੍ਰਦਾਨ ਕਰੇ । ਇਸ ਤੋਂ ਬਿਨਾਂ ਦੁਨੀਆ ਦੇ ਸਾਧਾਰਣ ਹਾਲਾਤਾਂ ਲਈ ਵੀ ਦੁਆਵਾਂ ਕਰੋ, ਬਹੁਤ ਤੇਜ਼ੀ ਨਾਲ ਇਸ ਵੱਲ ਵੱਧ ਰਹੇ ਹਨ, ਇਸ ਬਿਮਾਰੀ ਤੋਂ ਜਾਨ ਛੁੱਟੇ ਤਾਂ ਇਹ ਨ ਹੋਵੇ ਕਿ ਇਕ ਹੋਰ ਆਫ਼ਤ ਵਿਸ਼ਵਯੁੱਧ ਦੇ ਰੂਪ ਵਿੱਚ ਆਣ ਵਾਪਰੇ। ਅਲੱਾਹ ਤਆਲਾ ਦੁਨੀਆ ਨੂੰ ਅਕਲ ਅਤੇ ਬੋਧ ਪ੍ਰਦਾਨ ਕਰੇ ਅਤੇ ਇੱਕੋ ਇਕ ਰੱਬ ਨੂੰ ਪਛਾਣਕੇ ਉਸਦਾ ਹੱਕ ਪੂਰਾ ਕਰਨ ਵਾਲੇ ਬਣਨ ।

اَلْحَمْدُلِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمكم الله اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 06.11.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131